**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਐਸ.ਏ.ਐਸ ਨਗਰ
(Email ID- adsadpi@punjabeducation.gov.in)
(ਅਮਲਾ-2 ਸ਼ਾਖਾ)

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ),
ਬਠਿੰਡਾ, ਮੋਗਾ, ਮਾਨਸਾ,ਸ੍ਰੀ ਮੁਕਤਸਰ ਸਾਹਿਬ,
ਫਿਰੋਜ਼ਪੁਰ, ਫਰੀਦਕੋਟ, ਫਾਜਿਲਕਾ।

ਮੀਮੋ ਨੰ: 2022237527
ਮਿਤੀ, ਐਸ.ਏ.ਐਸ.ਨਗਰ 02-09-22

ਵਿਸ਼ਾ - ਮਗਧ ਯੂਨੀਵਰਸਿਟੀ ਬਿਹਾਰ ਤੋਂ ਡਿਗਰੀ ਹਾਸਲ ਕਰਕੇ ਸਿੱਖਿਆ ਵਿਭਾਗ ਵਿੱਚ ਭਰਤੀ ਹੋਏ ਕਰਮਚਾਰੀਆਂ ਦੀ ਸੂਚਨਾ ਸਬੰਧੀ।

ਹਵਾਲਾ- ਕੋਆਰਡੀਨੇਸ਼ਨ ਸ਼ਾਖਾ ਦੇ ਪੱਤਰ ਨੰ: 196684/202256810-811 ਮਿਤੀ 11.03.2022 ਦੇ ਸੰਬੰਧ ਵਿੱਚ।

****

ਉਪਰੋਕਤ ਵਿਸ਼ੇ ਸੰਬੰਧੀ ਵਿਜੀਲੈਂਸ ਇਨਕੁਆਇਰੀ ਨੰਬਰ 04 ਮਿਤੀ 04.11.2019 ਐਸ.ਏ.ਐਸ.ਨਗਰ ਦੇ ਸੰਬੰਧ ਵਿੱਚ ਸਿੱਖਿਆ ਵਿਭਾਗ ਵਿੱਚ ਨੌਕਰੀ ਕਰ ਰਹੇ ਕਰਮਚਾਰੀਆਂ/ਅਧਿਕਾਰੀਆਂ ਦੀ ਸੂਚਨਾ ਭੇਜੀ ਜਾਵੇ ਜਿਨਾਂ ਨੇ ਸਾਲ 1990 ਤੋਂ ਹੁਣ ਤੱਕ ਮਗਧ ਯੂਨੀਵਰਸਿਟੀ ਬਿਹਾਰ ਤੋਂ ਡਿਗਰੀਆਂ ਹਾਸਿਲ ਕੀਤੀਆਂ ਹਨ। ਇਹ ਸੂਚਨਾ ਅੱਜ ਮਿਤੀ 02.09.2022 ਨੂੰ ਸ਼ਾਮ 4.00 ਵਜੇ ਤੋਂ ਪਹਿਲਾਂ-ਪਹਿਲਾਂ ਇਸ ਸ਼ਾਖਾ ਨੂੰ ਈ.ਮੇਲ adsadpi@punjabeducation.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ।

ਸੁਪਰਡੰਟ

**ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ**

deose.bathinda@punjabeducation.gov.in

ਪੱਤਰ ਨੰ: ਅ-1,6/1/( )2022/ਚਾਰਜ਼/1853 ਮਿਤੀ: 01.09.2022

ਉਕਤ ਪੱਤਰ ਦਾ ਉਤਾਰਾ ਸਮੂਹ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਜਿਲਾ ਬਠਿੰਡਾ ਨੂੰ ਲਿਖ ਕੇ ਭੇਜਿਆ ਜਾਦਾ ਹੈ ਕਿ ਉਕਤ ਅਨੁਸਾਰ ਮੰਗੀ ਗਈ ਸੂਚਨਾਂ ਮਿਤੀ 03-09-2022 ਨੂੰ ਸਵੇਰੇ 10-00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਸੂਚਨਾਂ ਵਿਭਾਗ ਨੂੰ ਭੇਜੀ ਜਾ ਸਕੇ।

ਜਿਲਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with CamScanner

Email: [illegible]

District Administrative Complex,
Sector-76, SAS Nagar-160071



751499/2021/COORDINATION-DPISE

ਸੇਵਾ ਵਿਖੇ,

ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ), ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8
ਐਸ.ਏ.ਐਸ. ਨਗਰ

ਨੰਬਰ 1933 /VB, Range Roopnagar, SAS Nagar, ਮਿਤੀ 10/5/2021

ਵਿਸ਼ਾ: ਵਿਜੀਲੈਂਸ ਇੰਨਕੁਆਰੀ ਨੰਬਰ 04 ਮਿਤੀ 04-11-2019 ਐਸ.ਏ.ਐਸ ਨਗਰ

ਯਾਦ ਪੱਤਰ

ਉਪਰੋਕਤ ਵਿਸ਼ੇ ਵਿੱਚ ਦਰਜ ਵਿਜੀਲੈਂਸ ਇੰਨਕੁਆਰੀ ਦੀ ਪੜਤਾਲ ਇਸ ਦਫਤਰ ਵੱਲੋ ਮੁਕੰਮਲ ਕੀਤੀ ਜਾ ਰਹੀ ਹੈ। ਕਿਉਂਕਿ ਸ਼ਿਕਾਇਤ ਕਰਤਾ ਵੱਲੋ ਆਪਣੀ ਸ਼ਿਕਾਇਤ ਵਿਚ ਸੂਚਿਤ ਕੀਤਾ ਗਿਆ ਹੈ ਕਿ ਸਿੱਖਿਆ ਵਿਭਾਗ ਵਿਚ ਕਈ ਅਧਿਆਪਕ/ਲੈਕਚਰਾਰ ਉਕਤ ਯੂਨੀਵਰਸਿਟੀ ਤੋ ਜਾਅਲੀ ਡਿਗਰੀਆਂ ਹਾਸਲ ਕਰਨ ਉਪਰੰਤ ਸਿੱਖਿਆ ਵਿਭਾਗ ਵਿਚ ਨਿਯੁਕਤ ਹੋਏ ਹਨ, ਇਸ ਲਈ ਉਕਤ ਹਵਾਲਾ ਅਧੀਨ ਪੱਤਰਾਂ ਰਾਹੀ ਆਪ ਨੂੰ ਲਿਖਿਆ ਗਿਆ ਸੀ ਕਿ ਸਾਲ 1990 ਤੋਂ ਹੁਣ ਤੱਕ ਕਿਨੇ [redacted] ਅਧਿਆਪਕ ਮਗਧ ਯੂਨੀਵਰਸਿਟੀ ਬਿਹਾਰ ਤੋ ਹਾਸਲ ਕੀਤੀਆਂ ਗਈਆਂ ਡਿਗਰੀਆਂ ਦੇ ਅਧਾਰ ਪਰ ਪੰਜਾਬ ਸਿੱਖਿਆ ਵਿਭਾਗ ਵਿਚ ਭਰਤੀ ਹੋਏ ਹਨ? ਇਸ ਸਬੰਧੀ ਮੁਕੰਮਲ ਵੇਰਵਾ ਸਮੇਤ ਲਿਸਟ 2 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਸ ਸਬੰਧੀ ਪੜਤਾਲ ਨੂੰ ਤੱਥਾਂ ਦੇ ਅਧਾਰ ਪਰ ਮੁਕੰਮਲ ਕੀਤਾ ਜਾ ਸਕੇ।

ਸੀਨੀਅਰ ਕਪਤਾਨ ਪੁਲਿਸ
ਵਿਜੀਲੈਂਸ ਬਿਊਰੋ, ਰੇਂਜ ਰੂਪਨਗਰ,
ਐਟ ਸ.ਅ.ਸ.ਨਗਰ।

Scanned with CamScanner

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ
ਐਟ ਪੰ.ਸ.ਸਿੱ.ਬੋ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
(ਕੋਆਰਡੀਨੇਸ਼ਨ ਸ਼ਾਖਾ)

ਵਿਸ਼ਾ: ਵਿਜੀਲੈਂਸ ਇੰਨਕੁਆਰੀ ਨੰਬਰ 04 ਆਫ 04.11.2019 ਐਸ.ਏ.ਐਸ. ਨਗਰ।

1.0 ਉਪਰੋਕਤ ਵਿਸ਼ੇ ਸਬੰਧੀ ਵਿਜੀਲੈਂਸ ਵਿਭਾਗ ਵੱਲੋਂ ਮਗੱਧ ਯੂਨੀਵਰਸਿਟੀ, ਬੋਧ ਗਿਆ (ਬਿਹਾਰ) ਤੋਂ ਡਿਗਰੀਆਂ ਹਾਸਲ ਕਰਕੇ ਪੰਜਾਬ ਵਿੱਚ ਸਰਕਾਰੀ ਨੌਕਰੀ ਵਿੱਚ ਆਏ ਅਧਿਆਪਕਾਂ ਦਾ ਡਾਟਾ ਮੰਗਿਆ ਗਿਆ ਸੀ।

2.0 ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਡਾਟਾ ਇਕੱਤਰ ਕੀਤਾ ਗਿਆ ਹੈ। ਆਪ ਨੂੰ ਸਮੂਹ ਜਿਲ੍ਹਿਆਂ ਤੋਂ ਪ੍ਰਾਪਤ ਸੂਚਨਾ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੀ ਸ਼ਾਖਾ ਨਾਲ ਸਬੰਧਤ ਕਾਡਰ ਦੀ ਸੂਚਨਾ ਵੈਰੀਫਾਈ ਕਰਕੇ ਇਸ ਸ਼ਾਖਾ ਨੂੰ ਰਿਪੋਰਟ ਭੇਜੀ ਜਾਵੇ।

ਨੱਥੀ: ਉਕਤ ਅਨੁਸਾਰ

10-3-22

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਸੇਵਾ ਵਿਖੇ

1. ਸਹਾਇਕ ਡਾਇਰੈਕਟਰ (ਸੇਵਾਵਾਂ-3, ਵੋਕੇਸ਼ਨਲ, ਮੁੱਖ ਅਧਿਆਪਕ, ਸਪ੍ਰ-1,2,3,4,5)
2. ਸਹਾਇਕ.ਡਾਇਰੈਕਟਰ (ਅਮਲਾ-1,2) ਦਫਤਰ ਡੀ.ਪੀ.ਆਈ. (ਐਸਿ), ਪੰਜਾਬ।

11-3-22 11/3/22 11/10/22 11-3-22

ਅੰ.ਵਿ.ਪੱਤਰ ਨੰ. 196684/2022 56810-811 ਮਿਤੀ 11.03.2022

Scanned with CamScanner